ਨਿਊ ਯਾਰਕ ਸਿਟੀ

# ਡਿਵੈਲਪਮੈਂਟਲ ਮੌਨਿਟਰਿੰਗ

ਡਿਵੈਲਪਮੈਂਟਲ ਡਿਲੇਸ ਜਾਂ ਅਯੋਗਤਾਵਾਂ ਲਈ ਜੋਖਿਮ 'ਤੇ ਨਵਜਾਤਾਂ ਅਤੇ ਬੱਚਿਆਂ ਲਈ



## ਮੇਰੇ ਬੱਚੇ ਦਾ ਕੀ ਹਾਲ ਹੈ?

Punjabi

NYC Health



# ਵਧੀਆ ਸ਼ੁਰੂਆਤ

## ਕਰਨ ਲਈ ਆਪਣੇ ਬੱਚੇ ਦੀ ਮਦਦ ਕਰੋ।

ਨਵਜਾਤ ਅਤੇ ਬੱਚੇ ਵੱਖ-ਵੱਖ ਢੰਗ ਨਾਲ ਸਿਖਦੇ ਅਤੇ ਵਿਕਾਸ ਕਰਦੇ ਹਨ। ਕੋਈ ਬੱਚਾ ਬਾਅਦ ਵਿੱਚ ਬੋਲਦਾ ਹੈ। ਕੋਈ ਦੂਜਾ ਬੱਚਾ ਪਹਿਲਾਂ ਚਲ-ਫਿਰ ਸਕਦਾ ਹੈ।

ਅਕਸਰ, ਮਾਤਾ-ਪਿਤਾ ਨੂੰ ਇਹਨਾਂ ਵਖਰੇਂਵਿਆਂ ਬਾਰੇ ਚਿੰਤਿਤ ਹੋਣ ਦੀ ਲੋੜ ਨਹੀਂ ਹੁੰਦੀ। **ਡਿਵੈਲਪਮੈਂਟ ਮੌਨਿਟਰਿੰਗ** ਤੋਂ ਕੁਝ ਬੱਚੇ ਲਾਭ ਲੈ ਸਕਦੇ ਹਨ, ਪ੍ਰੋਗਰਾਮ ਇਹ ਵੇਖਣ ਲਈ ਬਣਾਇਆ ਗਿਆ ਹੈ ਕਿ ਬੱਚੇ ਕਿਵੇਂ ਵਿਕਾਸ ਕਰਦੇ ਹਨ ਅਤੇ ਉਹ ਕਿੰਨੀ ਪ੍ਰਗਤੀ ਕਰਦੇ ਹਨ।





ਨਵਜਾਤ ਅਤੇ ਬੱਚੇ ਵੱਖ-ਵੱਖ ਢੰਗ ਨਾਲ ਸਿਖਦੇ ਅਤੇ ਵਿਕਾਸ ਕਰਦੇ ਹਨ। ਕੋਈ ਬੱਚਾ ਬਾਅਦ ਵਿੱਚ ਬੋਲਦਾ ਹੈ। ਕੋਈ ਦੂਜਾ ਬੱਚਾ ਪਹਿਲਾਂ ਚਲ-ਫਿਰ ਸਕਦਾ ਹੈ।

ਅਕਸਰ, ਮਾਤਾ-ਪਿਤਾ ਨੂੰ ਇਹਨਾਂ ਵਖਰੇਂਵਿਆਂ ਬਾਰੇ ਚਿੰਤਿਤ ਹੋਣ ਦੀ ਲੋੜ ਨਹੀਂ ਹੁੰਦੀ। **ਡਿਵੈਲਪਮੈਂਟ ਮੌਨਿਟਰਿੰਗ** ਤੋਂ ਕੁਝ ਬੱਚੇ ਲਾਭ ਲੈ ਸਕਦੇ ਹਨ, ਪ੍ਰੋਗਰਾਮ ਇਹ ਵੇਖਣ ਲਈ ਬਣਾਇਆ ਗਿਆ ਹੈ ਕਿ ਬੱਚੇ ਕਿਵੇਂ ਵਿਕਾਸ ਕਰਦੇ ਹਨ ਅਤੇ ਉਹ ਕਿੰਨੀ ਪ੍ਰਗਤੀ ਕਰਦੇ ਹਨ।

ਤੁਹਾਡੇ ਡਾਕਟਰ, ਸਮਾਜ ਸੇਵੀ ਜਾਂ ਡੇਕੇਅਰ ਕੇਂਦਰ ਨੇ ਸਾਨੂੰ ਤੁਹਾਡੇ ਨਾਲ ਸੰਪਰਕ ਕਰਨ ਲਈ ਕਿਹਾ ਹੈ। ਇਹ ਮਹੱਤਵਪੂਰਨ ਹੈ ਕਿਉਂਕ ਅਨੁਸੰਧਾਨ ਤੋਂ ਪਤਾ ਚਲਦਾ ਹੈ ਕਿ ਦੇਰੀਆਂ ਬਾਰੇ ਮਦਦ ਲੈਣ ਵੇਲੇ ਬੱਚਾ ਜਿੰਨਾ ਛੋਟਾ ਹੋਵੇ, ਇਸ ਦਾ ਨਤੀਜਾ ਉੰਨਾ ਹੀ ਬੇਹਤਰ ਹੁੰਦਾ ਹੈ।

**ਤੁਹਾਡਾ ਬੱਚਾ/ਬੱਚੀ ਡਿਵੈਲਪਮੈਂਟਲ ਮੌਨਿਟਰਿੰਗ ਤੋਂ ਲਾਭ ਲੈ ਸਕਦਾ/ਦੀ ਹੈ ਜੇਕਰ ਉਸ ਦੀ ਉਮਰ 3 ਸਾਲਾਂ ਤੋਂ ਘੱਟ ਹੈ ਅਤੇ:**

- 33 ਹਫਤਿਆਂ ਤੋਂ ਘੱਟ ਸਮੇਂ ਵਿੱਚ ਪੈਦਾ ਹੋਇਆ/ਹੋਈ ਸੀ
- ਨਵਿਆਣੇ ਦੀ ਤੀਬਰ ਦੇਖਭਾਲ ਵਿੱਚ 10 ਤੋਂ ਵੱਧ ਦਿਨ ਬਿਤਾਏ ਸਨ
- ਜਨਮ ਵੇਲੇ 4 ਪੌਂਡ ਤੋਂ ਘੱਟ ਭਾਰ ਸੀ
- ਜੇਕਰ ਜਾਂਚ ਨਤੀਜੇ ਬਹੁਤ ਜ਼ਿਆਦਾ ਸਨ
- ਇੱਕ ਸ਼ੁਰੂਆਤੀ ਨਵਜਾਤ ਸੁਣਵਾਈ ਸਕ੍ਰੀਨਿੰਗ ਗੈਰ-ਹਾਜ਼ਰ ਜਾਂ ਹਾਜ਼ਰ ਹੋਣ ਵਿੱਚ ਅਸਫਲ ਰਹੇ ਸਨ
- ਬੇਘਰ ਜਾਂ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਹੋਏ ਸਨ
- ਇੱਕ ਕਿਸ਼ੋਰੀ ਮਾਂ ਹੈ
- ਇੱਕ ਅਜਿਹੀ ਮਾਂ ਹੈ ਜਿਸ ਨੂੰ ਜਨਮ ਤੋਂ ਪਹਿਲਾਂ ਦੀ ਦੇਖਭਾਲ ਪ੍ਰਾਪਤ ਨਹੀਂ ਹੋਈ

ਅਸੀਂ ਤੁਹਾਡੀ ਚਿੰਤਾਵਾਂ ਨੂੰ ਸੁਣਾਂਗੇ ਅਤੇ ਤੁਹਾਡੇ ਬੱਚੇ ਦੇ ਵਿਕਾਸ ਨੂੰ ਮਾਪਣ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰਾਂਗੇ।

ਤੁਹਾਡੇ ਬੱਚੇ ਦੇ ਤੀਜੇ ਜਨਮਦਿਨ ਤੱਕ ਹਰ ਕੁਝ ਮਹੀਨਿਆਂ ਵਿੱਚ ਅਸੀਂ ਤੁਹਾਡੇ ਬੱਚੇ ਬਾਰੇ ਕੁਝ ਸਵਾਲ ਤੁਹਾਨੂੰ ਭੇਜਾਂਗੇ:

- ਆਓ ਤੁਹਾਨੂੰ ਜਾਣੂ ਕਰਵਾਉਂਦੇ ਹਾਂ ਕਿ ਉਹ ਕੀ ਚਾਹੁੰਦੇ ਹਨ
- ਆਪਣੇ ਸਰੀਰ ਨੂੰ ਹਿਲਾਉਂਦੇ ਹਨ
- ਆਪਣੇ ਹੱਥਾਂ ਅਤੇ ਉਂਗਲਾਂ ਦੀ ਵਰਤੋਂ ਕਰਦੇ ਹਨ
- ਸਮੱਸਿਆਵਾਂ ਦਾ ਹੱਲ ਕਰਦੇ ਹਨ
- ਇਕੱਲੇ ਅਤੇ ਹੋਰਾਂ ਨਾਲ ਖੇਡਦੇ ਹਨ

ਅਸੀਂ ਤੁਹਾਡੇ ਜਵਾਬਾਂ ਦੀ ਸਮੀਖਿਆ ਕਰਾਂਗੇ, ਅਤੇ ਫਿਰ ਤੁਹਾਨੂੰ ਜਾਣੂ ਕਰਾਵਾਂਗੇ ਕਿ ਤੁਹਾਡਾ ਬੱਚਾ ਕਿਵੇਂ ਰਹਿ ਰਿਹਾ ਹੈ।

ਜੇਕਰ ਤੁਹਾਡਾ ਬੱਚਾ ਠੀਕ ਰਹਿ ਰਿਹਾ ਹੈ, ਤਾਂ ਅਸੀਂ ਉਸ ਦੇ ਵਿਕਾਸ ਨੂੰ ਮੌਨਿਟਰ ਕਰਨਾ ਜਾਰੀ ਰੱਖਾਂਗੇ। ਜੇਕਰ ਨਤੀਜੇ ਇਹ ਦਸਦੇ ਹਨ ਕਿ ਤੁਹਾਡਾ ਬੱਚਾ ਡਿਵੈਲਪਮੈਂਟਲ ਦੇਰੀ ਲਈ ਜੋਖਿਮ 'ਤੇ ਹੋ ਸਕਦਾ ਹੈ, ਤਾਂ ਅਸੀਂ ਤੁਹਾਡੇ ਅਰਲੀ ਇੰਟਰਵੇਸ਼ਨ ਮੁਲਾਂਕਣ ਦੇ ਰਾਹੀਂ ਤੁਹਾਨੂੰ ਬੱਚੇ ਦੀ ਜ਼ਰੂਰਤ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

ਜੇਕਰ ਤੁਹਾਡੇ ਕੋਲ ਆਪਣੇ ਬੱਚੇ ਦੇ ਵਿਕਾਸ ਬਾਰੇ ਕੋਈ ਸਵਾਲ ਹਨ ਤਾਂ ਤੁਸੀਂ ਸਾਨੂੰ ਕਿਸੇ ਵੀ ਸਮੇਂ ਕਾਲ ਕਰ ਸਕਦੇ ਹੋ।



## ਡਿਵੈਲਪਮੈਂਟਲ ਮੌਨਿਟਰਿੰਗ ਅਤੇ ਅਰਲੀ ਇੰਟਰਵੇਸ਼ਨ ਬਾਰੇ ਹੋਰ ਜਾਣੋ।

**ਆਪਣੇ ਡਾਕਟਰ ਨਾਲ ਗੱਲ ਕਰੋ, 311 'ਤੇ ਕਾਲ ਕਰੋ ਅਤੇ ਡਿਵੈਲਪਮੈਂਟਲ ਮੌਨਿਟਰਿੰਗ ਅਤੇ ਅਰਲੀ ਇੰਟਰਵੇਸ਼ਨ ਲਈ ਕਹੋ, ਜਾਂ nyc.gov/health/earlyint 'ਤੇ ਜਾਓ।**

**ਆਮਦਨੀ ਜਾਂ ਇਮੀਗ੍ਰੇਸ਼ਨ ਸਥਿਤੀ ਦੇ ਬਾਵਜੂਦ ਵੀ, ਡਿਵੈਲਪਮੈਂਟਲ ਮੌਨਿਟਰਿੰਗ ਅਤੇ ਅਰਲੀ ਇੰਟਰਵੇਸ਼ਨ ਸੇਵਾਵਾਂ ਪਰਿਵਾਰਾਂ ਲਈ ਗੁਪਤ ਅਤੇ ਮੁਫ਼ਤ* ਹਨ।**

*ਜੇਕਰ ਤੁਹਾਡੇ ਕੋਲ ਹੈਲਥ ਇੰਸ਼ੋਰੈਂਸ ਹੈ, ਜਿਸ ਵਿੱਚ ਮੈਡੀਕੈਡ ਸ਼ਾਮਲ ਹੈ (Medicaid), ਤਾਂ ਤੁਹਾਨੂੰ ਪ੍ਰਤੱਖ ਲਾਗਤ ਤੋਂ ਬਿਨਾਂ ਅਰਲੀ ਇੰਟਰਵੇਸ਼ਨ ਸੇਵਾਵਾਂ ਵਾਸਤੇ ਭੁਗਤਾਨ ਕਰਨ ਲਈ ਵਰਤੋਂ ਕੀਤੀ ਜਾਵੇਗੀ।

